It is an honor for us to announce that Satyam Institute of Engineering & Technology under SBS Group, Patti tie up with university of Fraser Valley, Canada for Computer Science Courses (B.Tech, BCA) students. According to this Scheme after completing degree students can directly join Canadian university for further studies.

# ਪੀ.ਟੀ.ਯੂ. ਦੇ ਕੰਪਿਊਟਰ ਸਾਇੰਸ ਦੇ ਵਿਦਿਆਰਥੀ ਵੀ ਲੈ ਸਕਣਗੇ ਕੈਨੇਡੀਅਨ ਡਿਗਰੀ

*** ਪੀ. ਟੀ. ਯੂ. ਤੇ ਕੈਨੇਡਾ ਦੀ ਯੂਨੀਵਰਸਿਟੀ ਆਫ਼ ਦਿ ਫ੍ਰੇਜ਼ਰ ਵੈਲੀ ਵਿਚਕਾਰ ਹੋਇਆ ਕਰਾਰ**



ਪੰਜਾਬ ਟੈਕਨੀਕਲ ਯੂਨੀਵਰਸਿਟੀ ਦੇ ਡਿਪਟੀ ਰਜਿਸਟਰਾਰ ਡਾ. ਏਕਨੂਰ ਸਿੰਘ ਜੌਹਲ ਦੇ ਨਾਲ ਐੱਮ.ਓ.ਯੂ. ਸਾਈਨ ਕਰਨ ਦੀ ਰਸਮ ਪੂਰੀ ਕਰਦੇ ਹੋਏ ਯੂਨੀਵਰਸਿਟੀ ਆਫ਼ ਦਿ ਫ੍ਰੇਜ਼ਰ ਵੈਲੀ ਕੈਨੇਡਾ ਦੇ ਰਵੀ ਫਿਲਿਪਸ ਤੇ ਹੋਰ।

ਚੰਡੀਗੜ੍ਹ, 16 ਫਰਵਰੀ (ਰਮਨਜੀਤ)-ਪੰਜਾਬ ਟੈਕਨੀਕਲ ਯੂਨੀਵਰਸਿਟੀ ਦੇ ਕੰਪਿਊਟਰ ਸਾਇੰਸ ਦੇ ਵਿਦਿਆਰਥੀਆਂ ਨੂੰ ਵਿੱਦਿਅਕ ਲਾਭ ਦੇਣ ਲਈ ਪੀ. ਟੀ. ਯੂ. ਨੇ ਕੈਨੇਡਾ ਦੀ ਯੂਨੀਵਰਸਿਟੀ ਆਫ਼ ਦਿ ਫ੍ਰੇਜ਼ਰ ਵੈਲੀ ਨਾਲ ਸਮਝੌਤਾ ਕੀਤਾ ਹੈ। ਇਸ ਸਮਝੌਤੇ ਦੇ ਤਹਿਤ ਪੀ. ਟੀ. ਯੂ. ਦੇ ਕੰਪਿਊਟਰ ਸਾਇੰਸ ਦੇ ਵਿਦਿਆਰਥੀਆਂ ਨੂੰ ਭਾਰਤ ਵਿਚ ਆਪਣੀ ਡਿਗਰੀ ਪੂਰੀ ਕਰਨ ਮਗਰੋਂ ਬ੍ਰਿਟਿਸ਼ ਕੋਲੰਬੀਆ ਇਲਾਕੇ ਦੀ ਇਸ ਸਰਕਾਰੀ ਯੂਨੀਵਰਸਿਟੀ ਦੇ ਬੈਚਲਰ ਇਨ ਕੰਪਿਊਟਰ ਇਨਫਾਰਮੇਸ਼ਨ ਸਿਸਟਮ ਕੋਰਸ ਦੇ ਤੀਸਰੇ ਸਾਲ ਵਿਚ ਸਿੱਧਾ ਦਾਖਲਾ ਮਿਲਣਾ ਸੰਭਵ ਹੋਵੇਗਾ। ਫਿਲਹਾਲ ਇਹ ਮੌਕਾ ਪੀ. ਟੀ. ਯੂ. ਨਾਲ ਸਬੰਧਤ 14 ਕਾਲਜਾਂ ਨੂੰ ਹੀ ਪ੍ਰਾਪਤ ਹੋਵੇਗਾ, ਜਿਸ ਮਗਰੋਂ ਇਸ ਨੂੰ ਹੋਰ ਕਾਲਜਾਂ ਵਿਚ ਵਧਾਇਆ ਜਾਵੇਗਾ। ਸਮਝੌਤੇ ਦੀਆਂ ਰਸਮਾਂ ਪੂਰੀਆਂ ਕਰਨ ਮਗਰੋਂ ਇੱਥੇ ਪੀ. ਟੀ. ਯੂ. ਦੇ ਡਿਪਟੀ ਰਜਿਸਟਰਾਰ ਡਾ. ਏਕਨੂਰ ਸਿੰਘ ਜੌਹਲ ਨੇ ਦੱਸਿਆ ਕਿ ਇਹ ਕੰਮ ਪੀ. ਟੀ. ਯੂ. ਦੇ ਡੀਨ ਬੂਟਾ ਸਿੰਘ ਦੀ ਅਗਵਾਈ ਵਿਚ ਸ਼ੁਰੂ ਕੀਤਾ ਗਿਆ ਸੀ।

ਉਨ੍ਹਾਂ ਦੱਸਿਆ ਕਿ ਪੀ. ਟੀ. ਯੂ. ਦੇ 14 ਕਾਲਜਾਂ ਵਿਚ ਜਿਨ੍ਹਾਂ ਨੇ ਬੀ. ਸੀ. ਏ. (ਬੈਚਲਰ ਆਫ਼ ਕੰਪਿਊਟਰ ਐਪਲੀਕੇਸ਼ਨ), ਬੀ. ਟੈੱਕ ਆਈ.ਟੀ. ਤੇ ਬੀ.ਟੈੱਕ ਕੰਪਿਊਟਰ ਸਾਇੰਸ ਦੀ ਪੜ੍ਹਾਈ ਕੀਤੀ ਹੈ, ਉਨ੍ਹਾਂ ਨੂੰ ਯੂਨੀਵਰਸਿਟੀ ਆਫ਼ ਫ੍ਰੇਜ਼ਰ ਵੈਲੀ ਤੋਂ ਕ੍ਰੈਡਿਟਸ ਪ੍ਰਾਪਤ ਹੋਣਗੇ ਤੇ ਕੈਨੇਡਾ ਦੇ ਕਾਲਜ ਵਿਚ ਬੈਚਲਰ ਇਨ ਕੰਪਿਊਟਰ ਇਨਫਾਰਮੇਸ਼ਨ ਸਿਸਟਮ ਦੇ ਤੀਸਰੇ ਸਾਲ ਵਿਚ ਸਿੱਧਾ ਦਾਖਲਾ ਮਿਲ ਜਾਵੇਗਾ।

ਡਾ. ਸਿੱਧੂ ਨੇ ਕਿਹਾ ਕਿ ਭਾਰਤੀ ਵਿਦਿਆਰਥੀ ਇਸ ਕਰਾਰ ਦੇ ਤਹਿਤ ਮਿਲਣ ਵਾਲੀ ਕੈਨੇਡੀਅਨ ਡਿਗਰੀ ਦੇ ਆਧਾਰ 'ਤੇ ਅੰਤਰਰਾਸ਼ਟਰੀ ਪੱਧਰ 'ਤੇ ਬਿਹਤਰ ਰੁਜ਼ਗਾਰ ਪ੍ਰਾਪਤ ਕਰਨ ਦੇ ਸਮਰੱਥ ਹੋਣਗੇ। ਉਨ੍ਹਾਂ ਕਿਹਾ ਕਿ ਇਸ ਪ੍ਰੋਗਰਾਮ ਨੂੰ ਪੂਰਾ ਕਰਨ ਲਈ ਫ੍ਰੇਜ਼ਰ ਵੈਲੀ ਯੂਨੀਵਰਸਿਟੀ ਵਲੋਂ 14 ਕਾਲਜਾਂ ਨੂੰ ਚੁਣਿਆ ਗਿਆ ਹੈ।

ਕੈਨੇਡਾ ਦੀ ਯੂਨੀਵਰਸਿਟੀ ਆਫ਼ ਦਿ ਫ੍ਰੇਜ਼ਰ ਵੈਲੀ ਦੇ ਪ੍ਰਤੀਨਿਧੀ ਰਵੀ ਫਿਲਿਪਸ ਨੇ ਦੱਸਿਆ ਕਿ ਇਸ ਸਮਝੌਤੇ ਨਾਲ ਦੋਵਾਂ ਯੂਨੀਵਰਸਿਟੀਆਂ ਨੂੰ ਅਕਾਦਮਿਕ ਐਕਸਚੇਂਜ, ਫੈਕਲਟੀ ਸਹਿਯੋਗ ਤੇ ਰਿਸਰਚ ਨੂੰ ਵੰਡਣ ਦੇ ਨਵੇਂ ਮੌਕੇ ਪ੍ਰਾਪਤ ਹੋਣਗੇ ਤੇ ਨਾਲ ਹੀ ਕੈਨੇਡੀਅਨ ਵਿਦਿਆਰਥੀਆਂ ਨੂੰ ਵੀ ਪੀ. ਟੀ.ਯੂ. ਵਿਚ ਪੜ੍ਹਨ ਦਾ ਮੌਕਾ ਮਿਲੇਗਾ।

ਕੈਨੇਡਾ ਦੀ ਯੂਨੀਵਰਸਿਟੀ ਦੇ ਰਿਕਰੂਟਿੰਗ ਐਸੋਸੀਏਟਸ ਐਂਡੀ ਬਰਨ ਤੇ ਪਰਵਿੰਦਰ ਨੇ ਦੱਸਿਆ ਕਿ ਇਸ ਪ੍ਰੋਗਰਾਮ ਦੇ ਤਹਿਤ ਕੈਨੇਡਾ ਵਿਚ ਦਾਖਲਾ ਲੈਣ ਵਾਲੇ ਵਿਦਿਆਰਥੀਆਂ ਨੂੰ 3 ਸਾਲ ਦਾ ਪੋਸਟ ਗ੍ਰੈਜੂਏਟ ਵਰਕ ਪਰਮਿਟ ਪ੍ਰਾਪਤ ਕਰਨ ਦੀ ਸਹੂਲਤ ਵੀ ਹਾਸਲ ਹੋਵੇਗੀ, ਜਿਸ ਨੂੰ ਸਿਟੀਜ਼ਨਸ਼ਿਪ ਐਂਡ ਇਮੀਗ੍ਰੇਸ਼ਨ ਕੈਨੇਡਾ ਵਲੋਂ ਜਾਰੀ ਕੀਤਾ ਜਾਂਦਾ ਹੈ।